ਦਫਤਰ ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ, ਐਸ. ਏ. ਐਸ. ਨਗਰ।
( ਪ੍ਰਮੋਸ਼ਨ ਸੈਲ )

# ਨੋਟਿਸ

## ਦੂਜਾ ਪੜ੍ਹਾਅ

ਮਿਤੀ 11.08.2023

1.0 ਮਾਸਟਰ ਕਾਡਰ ਦੀ ਸੀਨੀਆਰਤਾ ਮਿਤੀ 19.06.2019 ਮਾਨਯੋਗ ਪੰਜਾਬ ਹਰਿਆਣਾ ਹਾਈ ਕੋਰਟ ਵੱਲੋ ਸਿ.ਰਿ.ਪ. 28434 ਆਫ 2019 ਹਰਭਜਨ ਸਿੰਘ ਅਤੇ ਹੋਰ ਬਨਾਮ ਪੰਜਾਬ ਸਰਕਾਰ ਅਤੇ ਹੋਰ ਕਨੈਕਟਡ ਕੇਸਾਂ ਵਿੱਚ ਦਿੱਤੇ ਗਏ ਫੈਸਲੇ ਮਿਤੀ 15.02.2023 ਅਨੁਸਾਰ ਖਾਰਜ ਕਰ ਦਿੱਤੀ ਗਈ ਹੈ।

2.0 ਵਿਭਾਗ ਵੱਲੋਂ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਫੈਸਲੇ ਦੀ ਪਾਲਣਾ ਕਰਦੇ ਹੋਏ ਮਾਸਟਰ ਕਾਡਰ ਦੀ ਸੀਨੀਆਰਤਾ ਦੀ ਬਣਤਰ ਹਿੱਤ ਵੱਖ ਵੱਖ ਮਿਤੀਆਂ ਨੂੰ ਵਿਭਾਗ ਦੀ ਵੈਬਸਾਇਟ www.ssapunjab.org ਤੇ ਨੋਟਿਸ ਜਾਰੀ ਕਰਦੇ ਹੋਏ ਸੀਨੀਆਰਤਾ ਦੇ ਸਬੰਧ ਵਿੱਚ ਦਸੰਬਰ 1990 ਤੱਕ ਦੇ ਨਿਯੁਕਤ ਹੋਏ ਕਰਮਚਾਰੀ (ਮੌਜੂਦਾ/ ਰਿਟਾਇਰੀ/ਪ੍ਰਮੋਟਿਡ/ਜਿਨ੍ਹਾਂ ਦੀ ਮੌਤ ਹੋ ਚੁੱਕੀ ਹੈ/ ਸੇਵਾਵਾਂ ਬਰਖਾਸਤ ਹੋ ਚੁੱਕੀਆਂ /ਅਸਤੀਫਾ ਦੇ ਚੁੱਕੇ ਆਦਿ) ਦਾ ਰਿਕਾਰਡ ਮੰਗਿਆ ਗਿਆ ਸੀ।

3.0 ਉਕਤ ਪਹਿਲੇ ਪੜ੍ਹਾਅ ਦੀ ਲਗਾਤਾਰਤਾ ਵਿੱਚ ਨਿਰਧਾਰਿਤ ਪ੍ਰੋਫਾਰਮੇ/ਸ਼ਡਿਊਲ ਅਨੁਸਾਰ <u>ਦਸੰਬਰ 1994</u> ਤੱਕ ਦੇ ਨਿਯੁਕਤ ਹੋਏ ਸਾਰੇ ਕਰਮਚਾਰੀ (ਮੌਜੂਦਾ/ ਰਿਟਾਇਰੀ/ਪ੍ਰਮੋਟਿਡ/ਜਿਨ੍ਹਾਂ ਦੀ ਮੌਤ ਹੋ ਚੁੱਕੀ ਹੈ/ ਸੇਵਾਵਾਂ ਬਰਖਾਸਤ ਹੋ ਚੁੱਕੀਆਂ /ਅਸਤੀਫਾ ਦੇ ਚੁੱਕੇ ਆਦਿ) ਦਾ ਸੀਨੀਆਰਤਾ ਦੀ ਬਣਤਰ ਹਿੱਤ ਮਿਤੀ 31.08.2023 ਤੱਕ ਨਿਰਧਾਰਿਤ ਪ੍ਰੋਫਾਰਮੇ/ਸ਼ਡਿਊਲ ਅਨੁਸਾਰ ਮੁੱਖ ਦਫਤਰ ਵਿਖੇ ਭੇਜਣਾ ਯਕੀਨੀ ਬਣਾਇਆ ਜਾਵੇ।

3.0 ਉਕਤ ਅਨੁਸਾਰ ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਵਿਭਾਗ ਵੱਲੋਂ ਸਾਰੇ ਕਰਮਚਾਰੀ (ਮੌਜੂਦਾ/ ਰਿਟਾਇਰੀ/ਪ੍ਰਮੋਟਿਡ/ਜਿਨ੍ਹਾਂ ਦੀ ਮੌਤ ਹੋ ਚੁੱਕੀ ਹੈ/ ਸੇਵਾਵਾਂ ਬਰਖਾਸਤ ਹੋ ਚੁੱਕੀਆਂ /ਅਸਤੀਫਾ ਦੇ ਚੁੱਕੇ ਆਦਿ) ਦੇ ਵੇਰਵਿਆਂ ਦੀ ਪੁਸ਼ਟੀ ਕੀਤੀ ਜਾ ਰਹੀ ਹੈ, ਇਸ ਨੂੰ ਕਿਸੇ ਵੀ ਤਰ੍ਹਾਂ ਅੰਤਿਮ ਰੂਪ ਨਾ ਸਮਝਿਆ ਜਾਵੇ।

ਸਹਾਇਕ ਡਾਇਰੈਕਟਰ ਸਕੂਲ ਐਜੂਕੇਸ਼ਨ

CamScanner